# 2023-24 ਸਾਉਣੀ ਮੰਡੀਕਰਨ ਮੌਸਮ ਲਈ ਝੋਨੇ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 1,911 ਰੁਪਏ ਪ੍ਰਤੀ ਕੁਇੰਟਲ

ਖੇਤੀਬਾੜੀ ਲਾਗਤਾਂ ਅਤੇ ਕੀਮਤ ਕਮਿਸ਼ਨ (ਸੀ ਏ ਸੀ ਪੀ) ਨੇ 2023-24 ਸਾਉਣੀ ਮੰਡੀਕਰਨ ਮੌਸਮ ਲਈ ਭਾਰਤ ਦੀਆਂ ਫ਼ਸਲਾਂ ਦੀ ਪੈਦਾਵਾਰ ਲਾਗਤ ਦਾ ਅਨੁਮਾਨ ਲਗਾਇਆ ਹੈ। ਇਨ੍ਹਾਂ ਲਾਗਤਾਂ ਦੇ ਆਧਾਰ 'ਤੇ, ਸੀ ਏ ਸੀ ਪੀ ਨੇ ਸਾਉਣੀ ਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦੀ ਸਿਫ਼ਾਰਸ਼ ਕੀਤੀ ਸੀ ਜਿਸ ਨੂੰ 7 ਜੂਨ, 2023 ਨੂੰ ਭਾਰਤੀ ਮੰਤਰੀ ਮੰਡਲ ਨੇ ਮਨਜ਼ੂਰੀ ਦਿੱਤੀ ਸੀ।

ਸੀ ਏ ਸੀ ਪੀ ਦੀ ਗਣਨ ਦੇ ਮੁਤਾਬਿਕ, ਫ਼ਸਲਾਂ ਦੀ ਪੈਦਾਵਾਰ ਦੀ ਲਾਗਤ ਵਿੱਚ ਏ2 (ਅਸਲ ਅਦਾ ਕੀਤੀ ਲਾਗਤ), ਏ2 + ਐਫ ਐਲ (ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ) ਅਤੇ ਸੀ2 [ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}] ਸ਼ਾਮਿਲ ਹਨ।

ਕਮਿਸ਼ਨ ਹਰੇਕ ਫ਼ਸਲ ਲਈ ਪੈਦਾਵਾਰ ਲਾਗਤ ਦੀ ਗਣਨਾ ਲਈ ਰਾਜ-ਵਾਰ ਅਸਲ ਲਾਗਤ ਅਨੁਮਾਨ ਲੈਂਦਾ ਹੈ।

ਕਮਿਸ਼ਨ ਨੇ 2022-23 ਸਾਉਣੀ ਮੌਸਮ ਦੀ ਪੈਦਾਵਾਰ ਲਾਗਤ ਨੂੰ ਦੇਖਦਿਆਂ ਹੋਇਆਂ 2023-24 ਸਾਉਣੀ ਲਈ ਫ਼ਸਲਾਂ ਦੀ ਪੈਦਾਵਾਰ ਲਾਗਤ ਦਾ ਅੰਦਾਜ਼ਾ ਲਾਇਆ ਹੈ।

ਆਉਣ ਵਾਲੇ ਸਾਉਣੀ ਮੌਸਮ ਲਈ ਝੋਨੇ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 1,911 ਰੁਪਏ ਪ੍ਰਤੀ ਕੁਇੰਟਲ ਲਾਈ ਗਈ ਹੈ। ਝੋਨੇ ਦੀਆਂ ਆਮ ਅਤੇ ਗ੍ਰੇਡ ਏ ਕਿਸਮਾਂ ਦਾ ਘੱਟੋ-ਘੱਟ ਸਮਰਥਨ ਮੁੱਲ ਕ੍ਰਮਵਾਰ 2,183 ਰੁਪਏ ਪ੍ਰਤੀ ਕੁੰਇੰਟਲ ਅਤੇ 2,203 ਰੁਪਏ ਪ੍ਰਤੀ ਕੁਇੰਟਲ ਹੈ। 2023-24 ਸਾਉਣੀ ਮੌਸਮ ਲਈ ਮੱਕੀ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 1,797 ਰੁਪਏ ਪ੍ਰਤੀ ਕੁਇੰਟਲ ਜਦਕਿ ਇਸਦਾ ਸਮਰਥਨ ਮੁੱਲ 2,090 ਰੁਪਏ ਪ੍ਰਤੀ ਕੁਇੰਟਲ ਹੈ।

ਮੋਟੇ ਅਨਾਜਾਂ ਵਿੱਚ, ਬਾਜਰੇ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 1,811 ਰੁਪਏ ਪ੍ਰਤੀ ਕੁਇੰਟਲ ਨਾਲ ਸਭ ਤੋਂ ਘੱਟ ਹੈ। ਇਸ ਤੋਂ ਬਾਅਦ ਜਵਾਰ ਅਤੇ ਰਾਗੀ ਦੀ ਪੈਦਾਵਾਰ ਲਾਗਤ ਕ੍ਰਮਵਾਰ 2,833 ਰੁਪਏ ਪ੍ਰਤੀ ਕੁਇੰਟਲ ਅਤੇ 3,328 ਰੁਪਏ ਪ੍ਰਤੀ ਕੁਇੰਟਲ ਹੈ।

ਬਾਜਰਾ, ਜਵਾਰ (ਮਲਦੰਡੀ), ਜਵਾਰ (ਹਾਇਬ੍ਰਿਡ) ਅਤੇ ਰਾਗੀ ਦਾ ਐਮ ਐਸ ਪੀ ਕ੍ਰਮਵਾਰ 2,500 ਰੁਪਏ ਪ੍ਰਤੀ ਕੁਇੰਟਲ, 3,180 ਰੁਪਏ ਪ੍ਰਤੀ ਕੁਇੰਟਲ, 3,225 ਰੁਪਏ ਪ੍ਰਤੀ ਕੁਇੰਟਲ ਅਤੇ 3,846 ਰੁਪਏ ਪ੍ਰਤੀ ਕੁਇੰਟਲ ਹੈ।

ਸਾਉਣੀ ਦੀਆਂ ਦਾਲਾਂ ਵਿੱਚ ਅਰਹਰ, ਮਾਂਹ ਅਤੇ ਮੂੰਗੀ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ ਕ੍ਰਮਵਾਰ 5,993 ਰੁਪਏ ਪ੍ਰਤੀ ਕੁਇੰਟਲ, 6,239 ਰੁਪਏ ਪ੍ਰਤੀ ਕੁਇੰਟਲ ਅਤੇ 7,218 ਰੁਪਏ ਪ੍ਰਤੀ ਕੁਇੰਟਲ ਲਾਈ ਗਈ ਹੈ। 2023-24 ਸਾਉਣੀ  ਮੌਸਮ ਲਈ ਅਰਹਰ, ਮਾਂਹ ਅਤੇ ਮੂੰਗੀ ਦਾ ਘੱਟੋ-ਘੱਟ ਸਮਰਥਨ ਮੁੱਲ ਕ੍ਰਮਵਾਰ 7,000 ਰੁਪਏ ਪ੍ਰਤੀ ਕੁਇੰਟਲ, 6,950 ਰੁਪਏ ਪ੍ਰਤੀ ਕੁਇੰਟਲ ਅਤੇ 8,558 ਰੁਪਏ ਪ੍ਰਤੀ ਕੁਇੰਟਲ ਹੈ।

ਸਾਉਣੀ 2023-24 ਲਈ ਤਿਲਹਣਾਂ ਵਿੱਚ ਮੂੰਗਫਲੀ, ਸੂਰਜਮੁਖੀ, ਸੋਇਆਬੀਨ, ਤਿਲ ਅਤੇ ਨਾਈਜਰਸੀਡ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ ਕ੍ਰਮਵਾਰ 5,350 ਰੁਪਏ ਪ੍ਰਤੀ ਕੁਇੰਟਲ, 5,960 ਰੁਪਏ ਪ੍ਰਤੀ ਕੁਇੰਟਲ, 4,019 ਰੁਪਏ ਪ੍ਰਤੀ ਕੁਇੰਟਲ ਅਤੇ 7,864 ਰੁਪਏ ਪ੍ਰਤੀ ਕੁਇੰਟਲ ਲਾਈ ਗਈ ਹੈ। ਮੂੰਗਫਲੀ, ਸੂਰਜਮੁਖੀ, ਸੋਇਆਬੀਨ, ਤਿਲ ਅਤੇ ਨਾਈਜਰਸੀਡ ਦਾ ਸਮਰਥਨ ਮੁੱਲ ਕ੍ਰਮਵਾਰ 6,377 ਰੁਪਏ ਪ੍ਰਤੀ ਕੁਇੰਟਲ, 6,760 ਰੁਪਏ ਪ੍ਰਤੀ ਕੁਇੰਟਲ, 4,600 ਰੁਪਏ ਪ੍ਰਤੀ ਕੁਇੰਟਲ ਅਤੇ 8,635 ਰੁਪਏ ਪ੍ਰਤੀ ਕੁਇੰਟਲ ਹੈ।

ਸੀ ਏ ਸੀ ਪੀ ਦੀ ਹਿਸਾਬ ਨਾਲ 2023-24 ਸਾਉਣੀ ਮੌਸਮ ਲਈ ਕਪਾਹ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 5,786 ਰੁਪਏ ਪ੍ਰਤੀ ਕੁਇੰਟਲ ਹੈ। ਦਰਮਿਆਨੇ ਅਤੇ ਲੰਮੇ ਰੇਸ਼ੇ ਵਾਲੀ ਕਪਾਹ ਦਾ ਘੱਟੋ-ਘੱਟ ਸਮਰਥਨ ਕ੍ਰਮਵਾਰ 6,620 ਰੁਪਏ ਪ੍ਰਤੀ ਕੁਇੰਟਲ ਅਤੇ 7,020 ਰੁਪਏ ਪ੍ਰਤੀ ਕੁਇੰਟਲ ਹੈ।

**ਸਾਉਣੀ ਦੀਆਂ ਫ਼ਸਲਾਂ ਦੀ ਕੁੱਲ ਭਾਰਤ ਅੰਦਾਜ਼ਨ ਪੈਦਾਵਾਰ ਲਾਗਤ ਅਤੇ 2023-24 ਸਾਉਣੀ ਮੰਡੀਕਰਨ ਮੌਸਮ ਦੇ ਲਈ ਐਮ ਐਸ ਪੀ**

| ਫ਼ਸਲ | 2022-23 ਸਾਉਣੀ ਮੰਡੀਕਰਨ ਮੌਸਮ ਦੌਰਾਨ ਪੈਦਾਵਾਰ ਲਾਗਤ (ਰੁਪਏ ਪ੍ਰਤੀ ਕੁਇੰਟਲ) | 2023-24 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ) | | | ਫ਼ਸਲ |
|---|---|---|---|---|---|
| | | *ਏ2 | **ਏ2+ਐਫਐਲ | #ਸੀ2 | |
| ਝੋਨਾ (ਆਮ) | 43.66 | 1,129 | 1,455 | 1,911 | 2,183 |
| ਝੋਨਾ (ਗ੍ਰੇਡ ਏ) | | | | | 2,203 |
| ਜਵਾਰ (ਹਾਇਬ੍ਰਿਡ) | 13.56 | 1,595 | 2,120 | 2,833 | 3,180 |
| ਜਵਾਰ (ਮਲਦੰਡੀ) | | | | | 3,225 |
| ਬਾਜਰਾ | 16.87 | 809 | 1,371 | 1,811 | 2,500 |
| ਰਾਗੀ | 19.02 | 1,857 | 2,564 | 3,328 | 3,846 |
| ਮੱਕੀ | 36.96 | 1,086 | 1,394 | 1,797 | 2,090 |
| ਤੂਰ (ਅਰਹਰ) | 11.68 | 3,452 | 4,444 | 5,993 | 7,000 |
| ਮੂੰਗ | 4.87 | 3,495 | 5,705 | 7,218 | 8,558 |
| ਉੜਦ (ਮਾਂਹ) | 6.02 | 3,548 | 4,592 | 6,239 | 6,950 |
| ਮੂੰਗਫਲੀ | 15.89 | 3,564 | 4,251 | 5,350 | 6,377 |
| ਸੂਰਜਮੁਖੀ | 8.65 | 3,759 | 4,505 | 5,960 | 6,760 |
| ਸੋਇਆਬੀਨ | 12.42 | 2,636 | 3,029 | 4,019 | 4,600 |
| ਤਿਲ | 5.09 | 3,424 | 5,755 | 7,864 | 8,635 |
| ਨਾਈਜਰਸੀਡ | 3.69 | 1,876 | 5,156 | 6,793 | 7,734 |
| ਕਪਾਹ (ਦਰਮਿਆਨਾ ਰੇਸ਼ਾ) | 15.99 | 3,615 | 4,411 | 5,786 | 6,620 |
| ਕਪਾਹ (ਲੰਮਾ ਰੇਸ਼ਾ) | | | | | 7,020 |

**ਸਰੋਤ:** ਸੀ ਏ ਸੀ ਪੀ ਗਣਨਾ

ਏ2: ਅਸਲ ਅਦਾ ਕੀਤੀ ਲਾਗਤ

ਏ2+ਐਫਐਲ: ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ

#ਸੀ2: [ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}]